# ਹਫ਼ਤਾਵਾਰੀ ਵਿਸ਼ੇਸ਼ ਖੇਤੀ ਬੁਲੇਟਿਨ



# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
## ਲੁਧਿਆਣਾ

**09.12.2025**

**ਮੌਸਮ ਦੀ ਭਵਿੱਖਵਾਣੀ: ਆਉਣ ਵਾਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ।**

**ਆਉਣ ਵਾਲੇ ਦਿਨਾਂ ਵਿੱਚ ਮੌਸਮ ਦਾ ਹਾਲ:**

| ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 23-26 | 23-26 | 23-28 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 06-10 | 06-10 | 06-10 |
| ਸਵੇਰ ਦੀ ਨਮੀ (%) | 81-93 | 81-93 | 83-93 |
| ਸ਼ਾਮ ਦੀ ਨਮੀ (%) | 44-64 | 43-64 | 28-64 |

**ਕਿਸਾਨਾਂ ਲਈ ਮੌਸਮ ਅਤੇ ਫਸਲਾਂ ਦਾ ਹਾਲ: ਆਉਣ ਵਾਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਹੀ ਸਿਫ਼ਾਰਿਸ਼ ਅਨੁਸਾਰ ਖੇਤ ਦੀ ਤਿਆਰੀ, ਬਿਜਾਈ, ਸਿੰਚਾਈ ਅਤੇ ਜਰੂਰਤ ਮੁਤਾਬਿਕ ਸਪਰੇਅ ਕਰੋ।**

**ਫਸਲਾਂ:**

**ਕਣਕ:** ਸਮੇਂ ਸਿਰ ਬੀਜੀ ਕਣਕ ਨੂੰ ਸਿਫਾਰਸ਼ ਅਨੁਸਾਰ ਸਿੰਜਾਈ ਕਰੋ। ਸੇਂਜੂ ਹਾਲਤਾਂ ਵਿੱਚ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ 752, ਪੀ ਬੀ ਡਬਲਯੂ 771 ਅਤੇ ਪੀ ਬੀ ਡਬਲਯੂ 757 ਦੀ ਕਾਸ਼ਤ ਕਰੋ। ਬਿਜਾਈ ਵੇਲੇ 55 ਕਿੱਲੋ ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ। ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਉ।ਪਹਿਲੇ ਅਤੇ ਦੂਜੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਅਤੇ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 35 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੇੈਥਾਲਿਨ) 1.5 ਲਿਟਰ ਜਾਂ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋ। ਇਹਨਾਂ ਵਿੱਚੋਂ ਕਿਸੇ ਇੱਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ।ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿੱਲੋ ਡੀ.ਏ.ਪੀ./ਏਕੜ ਡਰਿਲ ਕਰੋ। ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ।ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿੱਲੋ ਯੂਰੀਆ/ਏਕੜ ਪਾਓ।ਨਵੰਬਰ ਦੇ ਚੌਥੇ ਹਫਤੇ ਤੋਂ ਬਾਅਦ ਪੀ ਬੀ ਡਬਲਯੂ 771, ਜਾਂ ਪੀ ਬੀ ਡਬਲਯੂ 752 ਕਿਸਮ ਬੀਜੋ। ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 0.5 % ਮੈਗਨੀਜ਼ ਸਲਫੇਟ (ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਸਪਰੇਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਸਪਰੇਅ ਹਫਤੇ-ਹਫਤੇ ਦੇ ਫਰਕ ਤੇ ਕਰੋ।

**ਕਮਾਦ:** ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਅੱਧ ਦਸੰਬਰ ਤੱਕ ਪਾਣੀ ਦਿਉ। ਅਗੇਤੀਆਂ ਕਿਸਮਾਂ ਨੂੰ ਪੀੜਨ ਅਤੇ ਕਟਾਈ (ਮਿੱਲਾਂ ਵਿੱਚ ਭੇਜਣ ਲਈ) ਸ਼ੁਰੂ ਕਰ ਦਿਉ। ਕਟਾਈ ਖ਼ਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ।

**ਤੇਲ ਬੀਜ :** ਤੋਰੀਏ ਦੀ ਸਹੀ ਸੰਭਾਲ ਲਈ ਫਸਲ ਦੀ ਕਟਾਈ ਖ਼ਤਮ ਕਰ ਲੈਣੀ ਚਾਹੀਦੀ ਹੈ।

**ਦਾਲਾਂ:** ਛੋਲਿਆਂ ਅਤੇ ਮਸਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ। ਆਉਣ ਵਾਲੇ ਦਿਨਾਂ ਵਿੱਚ ਖੁਸ਼ਕ ਅਤੇ ਠੰਡੇ ਮੌਸਮ ਕਰਕੇ ਸਮੇਂ ਸਿਰ ਬੀਜੀ ਛੋਲਿਆਂ ਦੀ ਫ਼ਸਲ ਨੂੰ ਜਰੂਰਤ ਮੁਤਾਬਿਕ ਸਿੰਜਾਈ ਕਰੋ।

**ਹਰੇ ਚਾਰੇ:** **ਜਵੀ:** ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਲਈ ਇਸ ਮਹੀਨੇ ਅਗੇਤੀ ਬੀਜੀ ਜਵੀ ਨੂੰ ਕੱਟ ਲਵੋ। ਜੇਕਰ ਖੇਤ ਵਿੱਚ ਬੂਈਂ (ਪੋਆ ਘਾਹ) ਬਹੁਤ ਹੋਵੇ ਤਾਂ ਜਵੀ ਦੀਆਂ ਦੋ ਕਟਾਈਆਂ ਨਾ ਲਵੋ।

**ਬਰਸੀਮ:** ਝੋਨੇ ਵਾਲੇ ਫਸਲੀ ਚੱਕਰ ਵਿਚ ਰੇਤਲੀਆਂ ਜ਼ਮੀਨਾਂ ਵਿਚ ਬੀਜੀ ਬਰਸੀਮ ਦੀ ਫਸਲ ਤੇ ਮੈਗਨੀਜ਼ ਦੀ ਘਾਟ ਆ ਸਕਦੀ ਹੈ। ਇਸ ਘਾਟ ਕਾਰਨ ਵਿਚਕਾਰਲੇ ਤਣੇ ਦੇ ਪੱਤਿਆਂ ਉਪਰ ਭੂਰੇ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਬਾਅਦ ਵਿਚ ਸੁੱਕ ਕੇ ਝੜ ਜਾਂਦੇ ਹਨ ਅਤੇ ਪੱਤਾ ਛਾਣਨੀ-2 ਹੋ ਜਾਂਦਾ ਹੈ। ਘਾਟ ਠੀਕ ਕਰਨ ਲਈ 0.5% ਮੈਗਨੀਜ਼ ਸਲਫੇਟ (1/2 ਕਿੱਲੋ ਮੈਗਨੀਜ਼ ਸਲਫੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਛਿੜਕਾਅ ਫਸਲ ਕੱਟਣ ਉਪਰੰਤ ਦੋ ਹਫਤੇ ਦੇ ਨਵੇਂ ਫੁਟਾਰੇ ਤੇ ਕਰੋ ਅਤੇ ਹਫਤੇ-2 ਬਾਅਦ 2-3 ਛਿੜਕਾਅ ਹੋਰ ਕਰੋ। ਜੇਕਰ ਬਰਸੀਮ ਵਿੱਚ ਤਣਾਂ ਗਲਣ ਦਾ ਰੋਗ ਹੋਵੇ ਤਾਂ ਫਸਲ ਕੱਟਣ ਪਿੱਛੋ ਖੇਤ ਨੂੰ ਧੁੱਪ ਲੱਗਣ ਦਿਓ । ਅਗਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਕਰਕੇ ਨਿਯਮਿਤ ਸਿੰਜਾਈ ਕਰੋ।

**ਸ਼ਬਜੀਆਂ:**
- ਇਸ ਸਮੇਂ ਦੌਰਾਨ ਖੁਸ਼ਕ ਅਤੇ ਠੰਡੇ ਮੌਸਮ ਦੀ ਸੰਭਾਵਨਾ ਕਰਕੇ ਫ਼ਸਲਾਂ ਨੂੰ ਲੋੜ ਅਨੁਸਾਰ ਸਿੰਚਾਈ ਕਰੋ।
- ਪਿਛੇਤੀ ਝੁਲਸ ਰੋਗ ਦੇ ਲੱਛਣਾਂ ਲਈ ਨਿਯਮਤ ਅੰਤਰਾਲ 'ਤੇ ਆਲੂ ਦੀ ਫਸਲ ਦੀ ਨਿਗਰਾਨੀ ਕਰੋ। ਵਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਆਲੂਆਂ ਦੀ ਨਵੀਂ ਫ਼ਸਲ ਤੇ ਇੰਡੋਫਿਲ ਐਮ-45/ਮਾਸ ਐਮ-45/ਮਰਕਜ਼ੈਬ/ਕਵੱਚ/ਐਂਟਰਾਕੋਲ ਦਾ ਛਿੜਕਾਅ ਕਰੋ। ਜੇ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਰਿਡੋਮਿਲ ਗੋਲਡ ਜਾਂ ਕਰਜਟ ਐਮ 8 ਜਾਂ ਸੈਕਟਿਨ ਦਾ ਛਿੜਕਾਅ ਕਰੋ।
- ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਟਮਾਟਰ ਦੇ ਬੂਟਿਆਂ ਦੀ ਪਨੀਰੀ ਲੱਗਾ ਦਿਓ । ਪੌਦਿਆਂ ਨੂੰ ਠੰਡ ਤੋਂ ਬਚਾਉਣ ਲਈ ਸਰਕੰਡਾ ਜਾਂ ਪੋਲੀਥੀਨ ਸ਼ੀਟ ਦਿਓ। ਮਦਰੇ ਟਮਾਟਰ ਦੀਆਂ ਕਿਸਮਾਂ ਨੂੰ 35 x 25 ਸੈਂਟੀਮੀਟਰ ਆਕਾਰ ਦੇ 100-ਗੇਜ ਮੋਟੇ ਚਿੱਟੇ ਪਲਾਸਟਿਕ ਦੇ ਥੈਲਿਆਂ ਨਾਲ ਪੌਦਿਆਂ ਨੂੰ ਢੱਕ ਕੇ ਠੰਡ ਦੀ ਸੱਟ ਤੋਂ ਬਚਾਇਆ ਜਾ ਸਕਦਾ ਹੈ।

**ਫ਼ਲ:**
- ਨਵੰਬਰ ਮਹੀਨੇ ਠੰਡ ਵਿੱਚ ਕਾਫੀ ਵਾਧਾ ਲਗਾਤਾਰ ਹੁੰਦਾ ਹੈ ਅਤੇ ਇਸ ਸਮੇਂ ਸਦਾਬਹਾਰ ਫ਼ਲਦਾਰ ਬੂਟੇ ਜਿਵੇਂਕਿ ਅੰਬ, ਪਪੀਤਾ, ਅਮਰੂਦ, ਲੀਚੀ, ਨਿੰਬੂ ਜਾਤੀ ਦੇ ਬੂਟੇ, ਡਰੈਗਨ ਫ਼ਰੂਟ; ਖਾਸ ਕਰਕੇ ਨਵੇਂ ਲਾਏ ਬੂਟਿਆਂ ਨੂੰ ਠੰਡ ਤੋ ਬਚਾਉਣ ਦੀ ਉਪਰਾਲੇ ਸ਼ੁਰੂ ਕਰ ਦਿਉ।
- ਫ਼ਲਾਂ ਨਾਲ ਲੱਦੇ ਬਾਗਾਂ ਜਿਵੇਂਕਿ ਅਮਰੂਦ, ਬੇਰ,ਨਿੰਬੂ ਜਾਤੀ ਦੇ ਫ਼ਲ ਨੂੰ ਇਸ ਮਹੀਨੇ 1-2 ਪਾਣੀ ਜਰੂਰ ਦਿਉ।
- ਅਮਰੂਦ ਅਤੇ ਬੇਰਾਂ ਨੂੰ ਛੱਡ ਕੇ ਬਾਕੀ ਸਾਰੇ ਫ਼ਲਦਾਰ ਬੂਟਿਆਂ ਨੂੰ ਦੇਸੀ ਖਾਦਾਂ ਪਉਣ ਦਾ ਕੰਮ ਸ਼ੁਰੂ ਕਰ ਦਿਉ।
- ਅੰਬਾਂ ਵਿੱਚ ਮਿੱਲੀ ਬੱਗ ਨੂੰ ਬੂਟਿਆਂ ਤੇ ਚੜ੍ਹਨ ਤੋਂ ਰੋਕਣ ਲਈ ਇਨ੍ਹਾਂ ਦੇ ਤਣਿਆਂ ਦੁਆਲੇ ਇੱਕ ਮੀਟਰ ਦੀ ਉਚਾਈ ਤੇ ਤਿਲਕਵੀਂ ਪੱਟੀ ਲਗਾਉਣ ਲਈ ਉਪਰਾਲੇ ਸ਼ੁਰੂ ਕਰ ਦਿਉ।
- ਪੱਤਝੜੀ ਕਿਸਮਾਂ ਦੇ ਬਾਗ ਲਗਾਉਣ ਲਈ ਜ਼ਮੀਨ ਦੀ ਤਿਆਰੀ ਅਤੇ ਵਿਉਂਤਬੰਧੀ ਸ਼ੁਰੂ ਕੀਤੀ ਜਾ ਸਕਦੀ ਹੈ।

**ਪਸ਼ੂ ਪਾਲਣ:** ਸਰਦੀਆਂ ਵਿਚ ਪਸ਼ੂਆਂ ਨੂੰ ਸਵੇਰੇ ਤੇ ਸ਼ਾਮ ਵੇਲੇ ਨਹੀਂ ਨਹਾਉਣ ਚਾਹੀਦਾ ਸਗੋਂ ਦੁਪਹਿਰ ਵੇਲੇ ਧੁੱਪ ਵਿਚ ਨਵਾਉ। ਖਾਸ ਕਰਕੇ ਜਿਸ ਦਿਨ ਠੰਡੀ ਹਵਾ ਚੱਲ ਰਹੀ ਹੋਵੇ ਤਾਂ ਉਸ ਦਿਨ ਨਹੀਂ ਨਵਾਉਣਾ ਚਾਹੀਦਾ। ਸਾਫ ਸੁਥਰਾ ਦੁੱਧ ਪੈਦਾ ਕਰਨ ਲਈ ਸਰਦੀਆਂ ਵਿਚ ਪਸ਼ੂਆਂ ਦੇ ਹਵਾਨੇ ਦੇ ਆਲੇ ਦੁਆਲੇ ਦੇ ਹਿੱਸੇ ਨੂੰ ਬੁਰਸ ਦੇ ਨਾਲ ਸਾਫ ਕਰ ਦਿਉ ਤੇ ਬਾਅਦ ਵਿਚ ਸਾਫ ਕੱਪੜੈ ਨੂੰ ਗਿੱਲਾ ਕਰਕੇ ਹਵਾਨੇ ਤੇ ਫੇਰ ਦਿਉ। ਧਿਆਨ ਰੱਖੋ ਕਿ ਅਤਿ ਸਰਦੀ ਵਾਲੇ ਦਿਨਾਂ ਵਿਚ ਪਸ਼ੂਆਂ ਨੂੰ ਸਵੇਰੇ ਤੇ ਸ਼ਾਮੀ ਠੰਡ ਵਿੱਚ ਬਾਹਰ ਨਾ ਕੱਢੋ ਤੇ ਇਨ੍ਹਾਂ ਨੂੰ ਬਾਹਰ ਖੁੱਲੀ ਜਗ੍ਹਾ ਵਿਚ ਜਾਂ ਦਰੱਖਤਾਂ ਹੇਠ ਨਾ ਬੰਨ੍ਹੋ ਤਾਂ ਜੋ ਉਨ੍ਹਾਂ ਨੂੰ ਠੰਡ ਨਾ ਲੱਗ ਜਾਵੇ। ਠੰਡ ਕਾਰਣ ਪਸ਼ੂ ਦੀ ਦੁੱਧ ਦੇਣ ਦੀ ਸਮਰੱਥਾ ਵੀ ਘੱਟ ਜਾਵੇਗੀ ਅਤੇ ਕਈ ਬਿਮਾਰੀਆਂ ਵੀ ਲੱਗ ਜਾਣਗੀਆਂ।

ਗ੍ਰਾਮੀਨ ਕ੍ਰਿਸ਼ੀ ਮੌਸਮ ਸੇਵਾ, ਪੀਏਯੂ, ਲੁਧਿਆਣਾ